*ਸਭ ਹੱਕ ਰਾਖਵੇਂ ਹਨ*

ੴ ਸਤਿਗੁਰਪ੍ਰਸਾਦਿ ॥

ਹਰਿ ਭਇਓ ਖਾਂਡ ਰੇਤੁ ਮਹਿ ਬਿਖਰਿਓ ਹਸਤੀ ਚੁਨਿਓ ਨ ਜਾਈ ॥
ਕਹਿ ਕਬੀਰ ਕੁਲ ਜਾਤਿ ਪਾਤਿ ਤਜਿ ਚੀਟੀ ਹੋਇ ਚੁਨਿ ਖਾਈ ॥

# ਜਾਤੀ ਭਰਮ ਖੰਡਨ

*ਅਰਥਾਤ*

## ਖਾਲਸਾ ਧਰਮ ਪ੍ਰਚਾਰ ਲੜੀ ਨੰ: ੧.

ਲੇਖਕ

ਗਿਆਨੀ ਰਣ ਸਿੰਘ ਵੱਡਾ ਛੀਨੀਵਾਲ
(ਪਟਿਆਲਾ) ਨਿਵਾਸੀ ਹਾਲ-ਪ੍ਰਚਾਰਕ ਕਿਸ਼ਤਵਾੜ (ਜੰਮੂੰ)

ਗੁਰੂ ਨਾਨਕ ਪ੍ਰਿੰਟਿੰਗ ਪ੍ਰੈਸ (ਦਰਵਾਜ਼ਾ ਠਾਕਰ ਸਿੰਘ) ਵਿੱਚ
ਸ: ਚਰਨ ਸਿੰਘ ਮੈਨੇਜਰ ਦੇ ਪ੍ਰਬੰਧ ਨਾਲ ਛਪੀ ॥

## —ਸਮਰਪਨ !—

ਏਹ ਟ੍ਰੈਕਟ ਲੋਕਾਂ ਦੀਆਂ ਮੰਨੀਆਂ ਅਛੂਤ ਕੌਮਾਂ ਵਿਚੋਂ ਖ਼ਾਲਸਾ ਧਰਮ ਅੰਦਰ ਆਏ ਵੀਰਾਂ, ਅਮਲੀ ਤੌਰ ਤੇ ਛੂਤ-ਛਾਤ ਤੋੜਨ ਵਾਲੇ ਉਪਕਾਰੀਆਂ ਤੇ ਇੱਕ ਪਿਤਾ ਦੇ ਪੁੱਤ੍ਰਾਂ ਨੂੰ ਸਮਦ੍ਰਿਸ਼ਟੀ ਨਾਲ ਵੇਖਨ ਵਾਲੇ ਸਮੂੰਹ ਸੱਜਨਾਂ ਦੀ ਸੇਵਾ ਵਿਖੇ ਸਤਿਕਾਰ ਸਹਿਤ ਸਮਰਪਨ ਕਰਦਾ ਹਾਂ !

ਦਾਸ—"ਕਰਤਾ"

DYAL SINGH LAHORE. LIBRARY

ਗੁਰੂ ਨਾਨਕ ਪ੍ਰਿੰਟਿੰਗ ਪ੍ਰੈਸ ਗੁਜਰਾਂਵਾਲਾ

੧ ਓ ਵਾਹਿਗੁਰੂ ਜੀ ਕੀ ਫਤਹ ॥

# ਭੂਮਿਕਾ !

ਹਿੰਦੂ ਧਰਮ ਦੇ ਪੁਰਾਤਨ ਬਜ਼ੁਰਗਾਂ ਨੇ ਕਰਮਾਂ ਦੇ ਲਿਹਾਜ਼ ਨਾਲ ਆਪਣੀ ਕੌਮ ਨੂੰ ਚਾਰ ਬਰਨਾਂ ਵਿੱਚ ਵੰਡਿਆ ਸੀ; ਜਿਸ ਵਿਖੇ ਕੋਈ ਵੱਡੀ ਹਾਨੀ ਨਹੀਂ ਸੀ ! ਪਰ ਮਹਾਂਭਾਰਤ ਦੇ ਸਮੇਂ ਤੋਂ ਪਿਛੋਂ ਵਿੱਦਯਾ ਦੇ ਘਾਟੇ ਕਰਕੇ ਛਿੰਕਾ ਦੀਜਗ੍ਹਾ ਸੁੰਦਰ ਡੰਡੇ ਭੋਜਨ ਨਾਲ ਧਰਨ ਦੀ ਮਿਸਾਲ ਵਾਂਗੂ ਇਹ ਵੰਡ ਜਨਮ ਅਨੁਸਾਰ ਮੰਨੀ ਗਈ। ਜਿਸ ਤੇ ਚਾਰ ਵਰਨਾਂ ਦੀ ਜਗ੍ਹਾ ਸੰਸਰਗ ਭੇਦ ਨਾਲ ਅਨ-ਲੋਮ ਪ੍ਰਤ ਲੋਮ ਤਰੀਕੇ ਕਰਕੇ ਲੱਖਾਂ ਹੀ ਵਰਨ-ਸ਼ੰਕਰ ਬਣਗਏ। ਜਿਨ੍ਹਾਂ ਵਿਚੋਂ ਕੁਝਕੁ ਦਾ ਵੇਰਵਾ ਨਕਸ਼ੇ ਦੁਆਰਾ ਗਿ: ਨਰੈਣ ਸਿੰਘ ਜੀ ਮੁਜੰਗ ਨਿਵਾਸੀ ਨੇ ਆਪਣੀ 'ਜਾਤੀ ਕੀ ਹੈ' ਨਾਮ ਪੋਥੀ ਵਿਚ ਦਿਤਾ ਹੈ। ਇਸ ਤੋਂ ਇਲਾਵਾ ਸਾਧੂਆਂ ਦੇ ਕਈ ਭੇਖ ਖੜੇ ਹੋ ਗਏ। ਹਰ ਸਮੇਂ, ਹਰ ਜਗ੍ਹਾ ਆਪਣੇ ੨ ਅਸੂਲਾਂ ਦੇ ਪ੍ਰਚਾਰ ਲਈ ਡੰਡੇ ਖੜਕਨ ਲਗੇ। ਜਦੋਂ ਇਨ੍ਹਾਂ ਵਿਚ ਇਸਤਰਾਂ ਦਾ ਵਰਤਾਰਾ ਹੋ ਗਿਆ, ਫਿਰ ਆਮ ਗ੍ਰਿਹਸਤੀ ਲੋਕਾਂ ਦੀ ਨਫ਼ਰਤ ਤੇ ਫੁੱਟ ਦੀ ਬੀਮਾਰੀ ਹਿਤ ਕੀ ਲਿਖਿਆ ਜਾਵੇ ! ਸੱਜਨ ਆਪ ਖੁਦਸਮਝ ਸਕਦੇ ਹਨ।ਜਿਸਤਰਾਂ ਕੰਧਾਂਦੇ ਫਟਨ ਕਰਕੇ ਮਕਾਨ ਗਿਰਨਾ ਸ਼ੁਰੂ ਹੋਜਾਂਦਾ ਹੈ ਠੀਕ ਇਸਤਰਾਂ ਹਿੰਦੂ ਧਰਮ ਅਧੋਗਤੀ ਨੂੰ ਪਰਾਪਤ ਹੋਣ ਲਗਾ।

ਮੁਗ਼ਲ ਤੇ ਪਠਾਨ ਬਾਦਸ਼ਾਹਾਂ ਨੇ ਚੜ੍ਹਾਈ ਕਰਕੇ ਜਿਸਤਰਾਂ ਇਹਨਾਂ ਦੇ ਧਰਮ-ਈਮਾਨ ਤੇ ਧਨ ਮਾਲ ਨੂੰ ਬਰਬਾਦ ਕੀਤਾ; ਉਹ ਹਾਲ ਤਵਾਰੀਖਾਂ ਵਿਚੋਂ ਪੜ੍ਹ ਲੂੰ ਕੰਡੇ ਹੋ ਜਾਂਦੇ ਹਨ !

ਉਸ ਵੇਲੇ ਦੇ ਤੁਰਕਾਂ ਦੇ ਜ਼ੁਲਮ ਤੇ ਹਿੰਦੂਆਂ ਦੀ ਫੁੱਟ ਦੇ ਨਕਸ਼ੇ ਕੁਝਕੁ ਭਾਈ ਗੁਰਦਾਸ ਜੀ ਨੇ ਆਪਣੀ ਪਹਿਲੀ ਵਾਰ ਵਿਚ ਲਿਖੇ ਹਨ। ਜਿਸ ਵੇਲੇ ਦੇਸ ਵਿਖੇ ਘੋਰ ਅੰਧਕਾਰ ਛਾ ਗਿਆ ਤੇ ਪ੍ਰਿਥਵੀ ਪਾਪ ਨਾਲ ਦਬ ਪੁਕਾਰ ਕਰਨ ਲਗੀ ਉਸ ਵੇਲੇ ਸ੍ਰੀ



ਗੁਰੂ ਨਾਨਕਦੇਵ ਜੀ ਦਾ ਅਵਤਾਰਹੋਇਆ। ਇਨ੍ਹਾਂ ਜਿਸਤਰਾਂ ਹਿੰਦੂ ਜ਼ਾਤੀ ਵਿਚ ਪ੍ਰੇਮ ਅਤੇ ਮਿਲਾਪਦਾ ਬੀਜ ਬੋਯਾ ਤੇ ਜ਼ਾਲਮ ਰਾਜਿਆਂ ਨੂੰ ਜ਼ੁਲਮ ਤੋਂ ਹਟਾ ਪਿਆਰ ਅਗੇ ਝੁਕਾਇਆ ਉਸਦਾ ਵੇਰਵਾ ਕੁਝਕੁ ਅਗੇ ਆਵੇਗਾ। ਸਤਿਗੁਰੂ ਜੀ ਦਾ ਪਹਿਲੇ ਖਿਆਲਸੀ ਕਿ ਸਾਰੀ ਸ੍ਰਿਸ਼ਟੀਨੂੰ ਇੱਕ ਧਾਗੇ ਵਿਚ ਪਰੋਇਆ ਜਾਵੇ; ਪਰ ਪ੍ਰੀਖਿਆ ਕਰਨ ਤੇ ਪਤਾ ਲਗਾ ਕਿ ਇਹ ਕੰਮ ਬਹੁਤ ਮੁਦੱਤ ਦਾ ਹੈ। ਜਿਸ ਤੇ ਦਸ ਚੋਲੇ ਬਦਲ ਖ਼ਾਲਸਾ ਜੀ ਨੂੰ ਅਦ੍ਰਸ਼ਕ ਨਮੂਨਾ ਬਣਾ ਖੜਾ ਕੀਤਾ, ਅਤੇ ਸ੍ਰੀ ਦਸਮੇਸ਼ ਜੀ ਨੇ ਖੋਤੇ ਪੁਰ ਸ਼ੇਰ ਦਾ ਮ੍ਰਿਗਾਨ ਚੜ੍ਹਾਨ ਦਾ ਚੋਜ ਵਰਤਕੇ ਇਸ ਨੂੰ ਅਲੇਪਤਾ ਹਿਤ ਇਹ ਉਪਦੇਸ਼ ਦਿਤਾ:—

ਜਬ ਲਗ ਰਹੇ ਖਾਲਸਾ ਨਿਆਰਾ।
ਤਬ ਲਗ ਤੇਜ ਦੀਓ ਮੈਂ ਸਾਰਾ।
ਜਬ ਏਹ ਗਹੇ ਅਨਮਤੀ ਰੀਤ।
ਮੈਂ ਨਾ ਕਰੋਂ ਇਨਕੀ ਪ੍ਰਤੀਤ।

ਸਤਿਗੁਰੂਆਂ ਤੋਂ ਪਿਛੋਂ ਕੁਛ ਅਰਸਾ ਖਾਲਸਾ ਆਪਣੇ ਅਸੂਲਾਂ ਤੇ ਤੱਤਪਰ ਰਹਿ ਦੀਨਾਂ ਤੇ ਦੁਖੀਆਂ ਦੀ ਖਬਰ ਲੈਂਦਾ ਰਿਹਾ, ਜਿਸ ਤੇ ਖਾਲਸਾ ਧਰਮ ਦੀ ਦਿਨ ਦੂਣੀ ਤੇ ਰਾਤ ਚੌਗੁਣੀ ਤਰੱਕੀ ਹੁੰਦੀ ਰਹੀ। ਪਰੰਤੂ ਅਖੀਰ ਰਾਜ ਭਾਗ ਹਾਸਲ ਕਰ ਐਸ਼ ਦੀ ਨੀਂਦ ਸੌਂ ਗੁਰਮਤਿ ਵਿਦਯਾ ਤੋਂ ਸੁੰਨ ਹੋ ਗਿਆ। ਬੱਸ ਫਿਰ ਕੀ ਸੀ ! ਜਿਸਤਰਾਂ ਸ਼ੇਰ ਮਰੇ ਪਿੱਛੋਂ ਗਿੱਦੜ ਜੰਗਲ ਦੇ ਮਾਲਕ ਬਣ ਬੈਠਦੇ ਹਨ,ਉਸੇ ਤਰਾਂ ਹਿੰਦੂ ਧਰਮਦੇ ਅਛੂਤ ਚੌਧਰੀ ਖਾਲਸਾ ਜੀ ਦੇ ਆਗੂ ਆ ਬਣੇ। ਮਹਾਰਾਜਾ ਰੰਜੀਤ ਸਿੰਘ ਜੀ ਜੈਸਿਆਂ ਨੇ ਸ੍ਰੀ ਗੁਰੂ ਗਰੰਥ ਸਾਹਿਬ ਜੀ ਦੀ ਕਥਾ ਕਰਨ ਵਾਲੇ ਪੰਡਤ ਰੱਖ ਲਏ ਤੇ ਸਿੱਖ ਰਾਜ ਦੇ ਦੀਵਾਨ ਵਜੀਰ ਸਿੰਘਾਂ ਦਾ ਭੇਖ ਧਰ ਹਿੰਦੂ ਆ ਬਣੇ। ਇਨ੍ਹਾਂ ਦੀ ਸੰਗਤ ਤੋਂ ਕਦੇ ਹੋ ਨਹੀਂ ਸਕਦਾ ਸੀ ਕਿ ਖਾਲਸਾ ਜੀ ਵਿਚ ਫੁੱਟ ਨਾ ਬੀਜੀ ਜਾਂਦੀ। ਇਸ ਫੁੱਟ ਦੇ ਬੀਜ ਨੇ ਮਾਂ ਪੁੱਤਾਂ ਹਥੋਂ ਤੇ ਭਰਾ-ਭਰਾ ਲੜਾਕੇ ਮਰਵਾਏ ਤੇ ਸਿੱਖ ਰਾਜ ਨਸ਼ਟ ਕੀਤਾ। ਉਸ ਵੇਲੇ ਦਾ ਇਹ ਛੂਤ-ਛਾਤ ਦਾ ਭੂਤ ਖਾਲਸਾ

**TO READ THE ENTIRE BOOK PLEASE CONTACT US:**

whatsapp: +92-3160770117

email: worldcentreforpunjabi@gmail.com

World Centre for Punjabi, Lahore, Pakistan.